ਨਵੰਬਰ 2023

# ਨਵੇਂ Scotland ਦਾ ਨਿਰਮਾਣ : EU ਵਿੱਚ ਇੱਕ ਸੁਤੰਤਰ Scotland

BUILDING A NEW SCOTLAND

## ਸਾਰ

ਇੱਕ ਸੁਤੰਤਰ ਰਾਸ਼ਟਰ ਵਜੋਂ EU ਵਿੱਚ ਸ਼ਾਮਲ ਹੋਣਾ Scotland ਨੂੰ ਬਰੇਗਜ਼ਿਟ ਦੇ ਕਾਰਨ ਹੋਏ ਨੁਕਸਾਨ ਦੀ ਪੂਰਤੀ ਕਰਨ ਅਤੇ ਵੰਡ ਦੀ ਘਾਟ ਨੂੰ ਪੂਰਾ ਕਰਨ ਦਾ ਮੌਕਾ ਦਿੰਦਾ ਹੈ। ਪਹਿਲੀ ਵਾਰ, Scotland ਸਿੱਧੇ EU ਵਿੱਚ Scotland ਦੇ ਹਿੱਤਾਂ ਨੂੰ ਅੱਗੇ ਰੱਖਣ ਲਈ ਗੱਲਬਾਤ ਕਰੇਗਾ। ਇੱਕ ਸੁਤੰਤਰ Scotland EU ਅਤੇ ਇਸਦੇ ਮੈਂਬਰ ਰਾਜਾਂ ਲਈ ਸਕਾਰਾਤਮਕ ਯੋਗਦਾਨ ਦੇਵੇਗਾ।

ਇਸ ਸਾਰ ਨੂੰ ਸੂਚਿਤ ਕਰਦੇ ਸਬੂਤ ਅਤੇ ਨਾਲ ਹੀ ਸਰੋਤਾਂ ਦੇ ਹਵਾਲੇ, ਪੂਰੇ ਟੈਕਸਟ ਵਿੱਚ ਦਿੱਤੇ ਗਏ ਹਨ।

### Scotland, UK ਅਤੇ EU

ਇਤਿਹਾਸਕ ਰਾਸ਼ਟਰ Scotland ਨੇ 1707 ਵਿੱਚ ਇੰਗਲੈਂਡ ਰਾਸ਼ਟਰ ਦੇ ਨਾਲ ਇੱਕ ਸਵੈ-ਇੱਛਤ ਰਾਜਨੀਤਿਕ ਸੰਘ ਵਿੱਚ ਪ੍ਰਵੇਸ਼ ਕੀਤਾ। ਉਸ ਸੰਘ ਦੇ ਅੰਦਰ, Scotland ਨੇ ਹਮੇਸ਼ਾਂ ਵਿਲੱਖਣ ਰਾਸ਼ਟਰੀ ਸੰਸਥਾਵਾਂ ਅਤੇ ਪ੍ਰਣਾਲੀਆਂ ਨੂੰ ਬਰਕਰਾਰ ਰੱਖਿਆ ਹੈ।

UK ਦੀ ਸੰਸਦ ਵਿਆਪਕ ਆਰਥਿਕ ਨੀਤੀ, ਵਿਦੇਸ਼ ਨੀਤੀ ਅਤੇ ਰੱਖਿਆ, ਅਤੇ ਜ਼ਿਆਦਾਤਰ ਸਮਾਜਕ ਸੁਰੱਖਿਆ ਅਤੇ ਕਰ ਸ਼ਕਤੀਆਂ 'ਤੇ ਨਿਯੰਤਰਣ ਬਣਾਈ ਰੱਖਦੀ ਹੈ।

ਵੰਡ ਅਤੇ ਸਕਾਟਿਸ਼ ਸੰਸਦ ਦੀ ਪੁਨਰ-ਸਥਾਪਨਾ ਨੇ Scotland ਲਈ ਸਵੈ-ਸ਼ਾਸਨ ਦੇ ਫਾਇਦਿਆਂ ਨੂੰ ਦਿਖਾਇਆ ਹੈ। 2014 ਵਿੱਚ Scotland ਦੇ ਲੋਕਾਂ ਨੇ ਅਜ਼ਾਦ ਹੋਣ ਜਾਂ ਨਾ ਹੋਣ 'ਤੇ ਰਾਏਸ਼ੁਮਾਰੀ ਵਿੱਚ ਵੋਟ ਦਿੱਤੀ। ਅਜਿਹਾ ਇੱਕ ਮੁਹਿੰਮ ਦੇ ਬਾਅਦ ਹੋਇਆ ਜਿਸ ਵਿੱਚ ਅਜ਼ਾਦੀ ਦੇ ਖਿਲਾਫ਼ ਬਹਿਸ ਕਰਨ ਵਾਲਿਆਂ ਦੁਆਰਾ ਵਚਨਬੱਧਤਾਵਾਂ ਕੀਤੀਆਂ ਗਈਆਂ ਸਨ ਕਿ EU ਵਿੱਚ Scotland ਦੀ ਜਗ੍ਹਾ ਨੂੰ ਸੁਰੱਖਿਅਤ ਕਰਨ ਲਈ 'ਨਹੀਂ' ਵਜੋਂ ਵੋਟ ਕਰਨਾ ਹੀ ਇੱਕੋ ਇੱਕ ਤਰੀਕਾ ਸੀ।

Scotland EU ਦੇ ਸੰਸਥਾਪਕ ਸਿਧਾਂਤਾਂ ਅਤੇ ਮੂਲ ਮੁੱਲਾਂ ਨੂੰ ਸਾਂਝਾ ਕਰਦਾ ਹੈ – ਜੋ ਮਨੁੱਖੀ ਮਾਣ, ਸਮਾਨਤਾ, ਕਨੂੰਨ ਦੇ ਰਾਜ, ਅਜ਼ਾਦੀ, ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ 'ਤੇ ਅਧਾਰਤ ਹੈ। ਇਹ ਉਦੋਂ ਸਪੱਸ਼ਟ ਕੀਤਾ ਗਿਆ ਸੀ ਜਦੋਂ Scotland ਦੇ ਲੋਕਾਂ ਨੇ 2016 ਵਿੱਚ EU ਵਿੱਚ ਬਣੇ ਰਹਿਣ ਲਈ ਨਿਰਣਾਇਕ ਵੋਟ ਦਿੱਤੀ ਸੀ।

ਬਰੇਗਜ਼ਿਟ ਨੇ ਇਸ ਗੱਲ 'ਤੇ ਨਵੇਂ ਸਿਰੇ ਤੋਂ ਬਹਿਸ ਸ਼ੁਰੂ ਕੀਤੀ ਹੈ ਕਿ ਕੀ Scotland ਲਈ ਸੁਤੰਤਰ ਹੋਣਾ ਅਤੇ EU ਦੇ ਅੰਦਰ ਸਾਡੇ ਆਪਣੇ ਅਧਿਕਾਰ ਵਿੱਚ ਇੱਕ ਮੈਂਬਰ ਰਾਜ ਵਜੋਂ ਰਹਿਣਾ ਬਿਹਤਰ ਹੈ ਜਾਂ ਨਹੀਂ।

ਦਸਤਾਵੇਜ਼ ਇਹ ਸਬੂਤ ਪੇਸ਼ ਕਰਦਾ ਹੈ ਕਿ ਵੈਸਟਮਿੰਸਟਰ ਸਰਕਾਰ ਦੇ 'ਸਖਤ ਬਰੇਗਜ਼ਿਟ' ਨੂੰ ਅੱਗੇ ਵਧਾਉਣ ਦੇ ਫ਼ੈਸਲੇ ਦੇ ਨਤੀਜੇ ਵਜੋਂ Scotland ਆਰਥਿਕ ਤੌਰ 'ਤੇ, ਸਮਾਜਕ ਤੌਰ 'ਤੇ ਅਤੇ ਸੱਭਿਆਚਾਰਕ ਤੌਰ 'ਤੇ ਹਾਰ ਗਿਆ ਹੈ। ਗੱਲਬਾਤ ਲਈ ਵੈਸਟਮਿੰਸਟਰ ਦੇ ਦ੍ਰਿਸ਼ਟੀਕੋਣ ਨੂੰ EU ਨਾਲ ਬੇਲੋੜੀ ਰੰਜਿਸ਼ ਅਤੇ Scotland ਦੇ ਲੋਕਾਂ ਦੇ ਵਿਚਾਰਾਂ ਅਤੇ ਹਿੱਤਾਂ ਦੀ ਅਣਦੇਖੀ ਰਾਹੀਂ ਦਰਸਾਇਆ ਗਿਆ ਸੀ।

Scotland ਨੂੰ ਸਿੰਗਲ ਮਾਰਕੀਟ ਅਤੇ ਦੁਨੀਆਂ ਭਰ ਵਿੱਚ ਬਹੁਤ ਹੀ ਅਨੁਕੂਲ ਵਪਾਰਕ ਸਬੰਧਾਂ ਦੇ EU ਦੇ ਨੈੱਟਵਰਕ ਤੋਂ ਕੱਢ ਦਿੱਤਾ ਗਿਆ ਹੈ। Scotland ਦੇ ਲੋਕਾਂ ਨੇ EU ਵਿੱਚ ਰਹਿਣ, ਕੰਮ ਕਰਨ ਅਤੇ ਪੜ੍ਹਣ ਦਾ ਆਪਣਾ ਹੱਕ ਗੁਆ ਦਿੱਤਾ ਹੈ।

ਇਸ ਲਈ Scotland ਇੱਕ ਵਿਲੱਖਣ ਸਥਿਤੀ ਵਿੱਚ ਹੈ - EU ਤੋਂ ਕੱਢੇ ਗਏ ਰਾਸ਼ਟਰਾਂ ਦੀ ਇੱਕ ਸਵੈ-ਇੱਛੁਕ ਯੂਨੀਅਨ ਵਿੱਚ ਇੱਕ ਦੇਸ਼ ਅਤੇ ਆਪਣੇ ਬਹੁਗਿਣਤੀ ਲੋਕਾਂ ਦੀਆਂ ਇੱਛਾਵਾਂ ਦੇ ਖਿਲਾਫ਼ ਇਸਦੀ ਇਕਹਿਰੀ ਮਾਰਕੀਟ।

## EU ਦੀ ਮੈਂਬਰਸ਼ਿਪ Scotland ਲਈ ਬਹੁਤ ਸਾਰੇ ਫਾਇਦੇ ਲੈ ਕੇ ਆਵੇਗੀ

ਸਬੂਤ ਦਿਖਾਉਂਦੇ ਹਨ ਕਿ EU ਦੀ ਮੈਂਬਰਸ਼ਿਪ ਦੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਲਾਭ ਹਨ। ਇਸ ਦਾ:

- ਮਤਲਬ ਹੋਵੇਗਾ ਕਿ Scotland ਚੀਜ਼ਾਂ, ਸੇਵਾਵਾਂ, ਪੂੰਜੀ ਅਤੇ ਲੋਕਾਂ ਦੀ ਸੁਤੰਤਰ ਆਵਾਜਾਈ ਦੇ ਨਾਲ ਦੁਨੀਆ ਦੀ ਸਭ ਤੋਂ ਵੱਡੀ ਇਕਹਿਰੀ ਮਾਰਕੀਟ ਦਾ ਹਿੱਸਾ ਸੀ। ਇਹ ਮਾਰਕੀਟ UK ਦੇ ਆਕਾਰ ਦਾ ਸੱਤ ਗੁਣਾ ਹੈ, ਇਸ ਲਈ ਸਕਾਟਿਸ਼ ਫਰਮਾਂ ਵਧੇਰੇ ਕਾਰੋਬਾਰਾਂ ਨਾਲ ਸੁਤੰਤਰ ਤੌਰ 'ਤੇ ਵਪਾਰ ਕਰਨ ਅਤੇ ਵਧੇਰੇ ਗਾਹਕਾਂ ਨੂੰ ਵਿਕਰੀ ਕਰਨ ਦੇ ਯੋਗ ਹੋਣਗੀਆਂ
- Scotland ਵਿੱਚ ਲੋਕਾਂ ਲਈ ਸਿਖਲਾਈ ਅਤੇ ਰੁਜ਼ਗਾਰ ਦੇ ਵਧੇਰੇ ਅਤੇ ਬਿਹਤਰ ਮੌਕੇ ਦਿੱਤੇ ਜਾਂਦੇ ਹਨ। ਅਸੀਂ ਆਪਣੇ ਕਾਰੋਬਾਰਾਂ, ਵਿਸ਼ਵ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਅਤੇ ਜਨਤਕ ਸੇਵਾਵਾਂ ਨੂੰ ਬਣਾਈ ਰੱਖਣ ਲਈ ਪੂਰੇ EU ਦੇ ਲੋਕਾਂ ਨੂੰ ਆਕਰਸ਼ਿਤ ਕਰ ਸਕਦੇ ਹਾਂ ਅਤੇ ਆਪਣੇ ਨਾਲ ਬਣਾਈ ਰੱਖ ਸਕਦੇ ਹਾਂ
- ਸਾਡੇ ਨਾਗਰਿਕਾਂ ਦੀ ਖੁਸ਼ਹਾਲੀ ਅਤੇ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਲਈ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਅਤੇ ਖੋਜ ਸਾਂਝੇਦਾਰੀਆਂ ਵਿਕਸਤ ਕਰਨ ਦੇ ਮੌਕੇ ਪੈਦਾ ਕਰ ਸਕਦੇ ਹਾਂ
- Scotland ਨੂੰ ਗਲੋਬਲ ਪਹੁੰਚ ਦੇ ਨਾਲ ਸੰਗਠਨ ਦੇ ਕੇਂਦਰ ਵਿੱਚ ਰੱਖ ਸਕਦੇ ਹਾਂ। ਅਸੀਂ EU ਨੀਤੀਆਂ ਤਿਆਰ ਕਰਨ ਲਈ ਆਪਣੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਾਂਗੇ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਗਲੋਬਲ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਕਰਾਂਗੇ
- Scotland ਨੂੰ EU ਦੇ ਕਨੂੰਨ ਲਾਗੂ ਕਰਨ ਵਾਲੇ ਸਾਧਨਾਂ ਤੱਕ ਮੁੜ ਪਹੁੰਚ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜੋ ਕਿ ਸੀਮਾ-ਸਰਹੱਦ ਦੇ ਅਪਰਾਧ ਅਤੇ ਖਤਰਿਆਂ ਖਿਲਾਫ਼ ਲੜਾਈ ਵਿੱਚ ਮਦਦ ਕਰਦੇ ਹਨ

ਅਤੇ EU ਦੇ ਇੱਕ ਮੈਂਬਰ ਰਾਜ ਵਜੋਂ ਇੱਕ ਸੁਤੰਤਰ Scotland ਦੀ EU ਸੰਸਥਾਵਾਂ ਵਿੱਚ ਸਿੱਧੀ ਪ੍ਰਤੀਨਿਧਤਾ ਹੋਵੇਗੀ। ਇਹ Scotland ਨੂੰ ਉਨ੍ਹਾਂ ਸਮੂਹਿਕ ਫ਼ੈਸਲਿਆਂ ਵਿੱਚ ਯੋਗਦਾਨ ਪਾਉਣ ਦੇ ਯੋਗ ਬਣਾਵੇਗਾ ਜੋ ਲੋਕਤੰਤਰੀ ਅਤੇ ਪਾਰਦਰਸ਼ੀ ਪ੍ਰਕਿਰਿਆਵਾਂ ਰਾਹੀਂ Scotland ਦੀਆਂ ਤਰਜੀਹਾਂ ਨੂੰ ਦਰਸਾਉਂਦੇ ਹਨ।

ਦਸਤਾਵੇਜ਼ EU ਮੈਂਬਰਸ਼ਿਪ ਦੇ ਇਨ੍ਹਾਂ ਅਤੇ ਹੋਰ ਬਹੁਤ ਸਾਰੇ ਲਾਭਾਂ ਨੂੰ ਨਿਰਧਾਰਤ ਕਰਦਾ ਹੈ।

## ਇੱਕ ਮੈਂਬਰ ਰਾਜ ਵਜੋਂ Scotland ਕੋਲ EU ਨੂੰ ਦੇਣ ਲਈ ਬਹੁਤ ਕੁਝ ਹੈ

ਜਿਸ ਤਰ੍ਹਾਂ EU ਕੋਲ Scotland ਨੂੰ ਦੇਣ ਲਈ ਬਹੁਤ ਕੁਝ ਹੈ, ਉਸੇ ਤਰ੍ਹਾਂ Scotland ਕੋਲ ਇੱਕ ਮੈਂਬਰ ਰਾਜ ਵਜੋਂ EU ਵਿੱਚ ਯੋਗਦਾਨ ਪਾਉਣ ਲਈ ਬਹੁਤ ਕੁਝ ਹੈ। ਉਦਾਹਰਨ ਲਈ:

- ਨਵਿਆਉਣਯੋਗ ਊਰਜਾ, ਖੋਜ, ਵਿਕਾਸ ਅਤੇ ਨਵੀਨਤਾ ਵਿੱਚ Scotland ਦੀਆਂ ਤਾਕਤਾਂ ਭਵਿੱਖ ਦੀਆਂ ਤਕਨਾਲੋਜੀਆਂ ਵਿਕਸਿਤ ਕਰਨ ਵਿੱਚ EU ਦੀ ਮਦਦ ਕਰ ਸਕਦੀਆਂ ਹਨ ਅਤੇ ਸ਼ੁੱਧ ਜ਼ੀਰੋ ਵਿੱਚ ਤਬਦੀਲੀ ਵਿੱਚ ਯੋਗਦਾਨ ਪਾ ਸਕਦੀਆਂ ਹਨ
- Scotland ਦੇ ਵਿਸ਼ਵ ਪੱਧਰੀ ਕਾਲਜ ਅਤੇ ਯੂਨੀਵਰਸਿਟੀਆਂ ਇੱਕ ਵਾਰ ਫਿਰ EU ਦੇਸ਼ਾਂ ਦੇ Erasmus+ ਵਿਦਿਆਰਥੀਆਂ ਦਾ ਸਵਾਗਤ ਕਰਨਗੇ

- Scotland ਦਾ ਜੀਵੰਤ ਸੱਭਿਆਚਾਰ ਇੱਕ ਗਤੀਸ਼ੀਲ ਅਤੇ ਅਗਾਂਹਵਧੂ EU ਵਿੱਚ ਇੱਕ ਮਹੱਤਵਪੂਰਨ ਯੋਗਦਾਨ ਦੇਵੇਗਾ

ਇੱਕ ਸੁਤੰਤਰ Scotland EU ਦੇ ਮੁੱਲਾਂ ਵਿੱਚ ਯੋਗਦਾਨ ਪਾਉਣ ਲਈ ਵਧੀਆ ਸਥਿਤੀ ਵਿੱਚ ਹੋਵੇਗਾ। ਸਕਾਟਿਸ਼ ਸਰਕਾਰ ਸਮਾਜਕ ਨਿਆਂ ਦੇ ਸਾਂਝੇ EU ਏਜੰਡੇ ਅਤੇ ਇੱਕ ਨਿਰਪੱਖ ਅਤੇ ਹਰੇ-ਭਰੇ ਸਮਾਜ ਦੀ ਪ੍ਰਾਪਤੀ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ।

## ਸੁਤੰਤਰਤਾ ਹੀ EU ਮੈਂਬਰਸ਼ਿਪ ਹਾਸਲ ਕਰਨ ਦਾ ਇੱਕ ਯਥਾਰਥਵਾਦੀ ਤਰੀਕਾ ਹੈ

ਇੱਕ ਸੁਤੰਤਰ Scotland ਦੀ EU ਮੈਂਬਰਸ਼ਿਪ UK ਦੇ ਨਾਲ ਸਾਡੇ ਕੀਮਤੀ ਸੰਬੰਧਾਂ ਦੀ ਕੀਮਤ 'ਤੇ ਨਹੀਂ ਹੋਵੇਗੀ ਅਤੇ ਅੱਗੇ ਵੀ ਜਾਰੀ ਰਹੇਗੀ। EU ਦੇ ਮੈਂਬਰ ਹੋਣ ਵਜੋਂ, ਬਾਕੀ ਦੇ UK ਦੇ ਨਾਲ ਇੱਕ ਸੁਤੰਤਰ Scotland ਦੇ ਵਪਾਰਕ ਸੰਬੰਧਾਂ ਨੂੰ ਉਸ ਸਮੇਂ EU ਅਤੇ UK ਵਿਚਕਾਰ ਲਾਗੂ ਹੋਏ ਸਹਿਮਤ ਵਪਾਰਕ ਸਮਝੌਤਿਆਂ ਦੁਆਰਾ ਨਿਯੰਤਰਿਤ ਕੀਤਾ ਜਾਵੇਗਾ। UK ਅਤੇ ਆਇਰਲੈਂਡ ਦੇ ਹੋਰ ਰਾਸ਼ਟਰ Scotland ਦੇ ਨਜ਼ਦੀਕੀ ਅਤੇ ਕੀਮਤੀ ਦੋਸਤ ਬਣੇ ਰਹਿਣਗੇ।

ਦਸਤਾਵੇਜ਼ EU ਵਿੱਚ ਸ਼ਾਮਲ ਹੋਣ ਦੀ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਇਹ ਦਿਖਾਉਂਦਾ ਹੈ ਕਿ Scotland ਕੋਲ ਪਹਿਲਾਂ ਹੀ ਸਫਲ EU ਮੈਂਬਰਸ਼ਿਪ ਨੂੰ ਪ੍ਰੋਤਸਾਹਨ ਲਈ ਗਿਆਨ ਅਤੇ ਨੈੱਟਵਰਕ ਹੈ। Scotland ਦੇ ਕਨੂੰਨ ਪਹਿਲਾਂ ਹੀ EU ਦੇ ਕਨੂੰਨਾਂ ਨਾਲ ਕਾਫੀ ਮੇਲ ਖਾਂਦੇ ਹਨ। ਨਤੀਜੇ ਵਜੋਂ, ਇਹ ਸਕਾਟਿਸ਼ ਸਰਕਾਰ ਸਪੱਸ਼ਟ ਹੈ ਕਿ Scotland ਨੂੰ ਰਲੇਵੇਂ ਦੀ ਪ੍ਰਕਿਰਿਆ ਦੀਆਂ ਜ਼ਰੂਰਤਾਂ ਨੂੰ ਸੁਚਾਰੂ ਢੰਗ ਨਾਲ ਅਤੇ ਤੇਜ਼ੀ ਨਾਲ ਪੂਰਾ ਕਰਨ ਲਈ ਚੰਗੀ ਸਥਿਤੀ ਵਿੱਚ ਹੋਵੇਗਾ /

ਸਕਾਟਿਸ਼ ਸਰਕਾਰ ਦਾ ਪ੍ਰਸਤਾਵ ਇਹ ਹੈ ਕਿ ਇੱਕ ਸੁਤੰਤਰ Scotland ਜਿਨ੍ਹਾਂ ਜਲਦੀ ਹੋ ਸਕੇ EU ਵਿੱਚ ਦੁਬਾਰਾ ਸ਼ਾਮਲ ਹੋਣ ਲਈ ਅਰਜ਼ੀ ਦੇਵੇਗਾ।

Scotland ਇੱਕ ਬੇਮਿਸਾਲ ਸਥਿਤੀ ਵਿੱਚ ਹੋਵੇਗਾ। ਹੋਰ ਕਿਸੇ ਵੀ ਦੇਸ਼ ਨੂੰ ਆਪਣੀ ਇੱਛਾ ਦੇ ਖਿਲਾਫ਼ EU ਅਤੇ ਇਸਦੇ ਸਿੰਗਲ ਮਾਰਕੀਟ ਤੋਂ ਬਾਹਰ ਨਹੀਂ ਕੱਢਿਆ ਗਿਆ ਹੈ। ਨਾ ਹੀ ਹੋਰ ਕਿਸੇ ਦੇਸ਼ ਨੇ EU ਵਿੱਚ ਦੁਬਾਰਾ ਸ਼ਾਮਲ ਹੋਣ ਲਈ ਅਰਜ਼ੀ ਦਿੱਤੀ ਹੈ।

Scotland ਦੇ ਬਹੁਤੇ ਲੋਕ, ਸਕਾਟਿਸ਼ ਸੰਸਦ ਅਤੇ ਸਕਾਟਿਸ਼ ਸਰਕਾਰ ਕਦੇ ਵੀ EU ਨੂੰ ਛੱਡਣਾ ਨਹੀਂ ਚਾਹੁੰਦੇ। EU ਮੈਂਬਰਸ਼ਿਪ Scotland ਦੀ ਭਵਿੱਖੀ ਆਰਥਿਕ ਅਤੇ ਸਮਾਜਕ ਸਫਲਤਾ ਲਈ ਸਭ ਤੋਂ ਮਹੱਤਵਪੂਰਨ ਹੈ। ਸੁਤੰਤਰਤਾ ਹੀ ਇਸ ਨੂੰ ਹਾਸਲ ਕਰਨ ਦਾ ਇੱਕੋ ਇੱਕ ਯਥਾਰਥਵਾਦੀ ਤਰੀਕਾ ਹੈ।

© The Scottish Government 2023

ਸਕਾਟਿਸ਼ ਸਰਕਾਰ ਵੱਲੋਂ ਪ੍ਰਕਾਸ਼ਿਤ, ਨਵੰਬਰ 2023

APS Group Scotland, 21 Tennant Street,
Edinburgh EH6 5NA ਵੱਲੋ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ PPDAS1341862 (11/23)